

ਸ਼ੇਰ-ਏ-ਪੰਜਾਬ

# ਮਹਾਰਾਜਾ ਰਣਜੀਤ ਸਿੰਘ

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

# ਸ਼ੇਰ-ਏ-ਪੰਜਾਬ
# ਮਹਾਰਾਜਾ ਰਣਜੀਤ ਸਿੰਘ

ਰਚਿਤ
ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

DEAR BOOKS
ENDLESS READING...

# ਸ਼ੇਰ-ਏ-ਪੰਜਾਬ
# ਮਹਾਰਾਜਾ ਰਣਜੀਤ ਸਿੰਘ

*by*

**ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

**Price : 220/-**

## Published by

**DEAR BOOKS**
Cont. 98761-91407
Email : dearbookspunjab@gmail.com
Insta : dear_books_punjab

**MAAN BOOK STORE PUBLICATION**
VPO - Tungwali (Bathinda)
Cont. 78142-49655

Printed by : **Aarna press, Patiala**
Contact : **99148-40666**

# ਤਤਕਰਾ


- ਭੂਮਿਕਾ 6
- ਮਹਾਰਾਜੇ ਦਾ ਘ੍ਰਾਣਾ 9
- ਸਰਦਾਰ ਚੜ੍ਹਤ ਸਿੰਘ 10
- ਸਰਦਾਰਾ ਮਹਾਂ ਸਿੰਘ 13
- ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ 14
- ਇਸ ਸਮੇਂ ਪੰਜਾਬ ਦੀ ਦਸ਼ਾ 17
- ਸ਼ੇਰਿ ਪੰਜਾਬ ਦੇ ਪਹਿਲੇ ਸਮਾਚਾਰ ਤੇ ਉਸ ਦੀ ਜਾਨ ਲੈਣ ਦਾ ਯਤਨ 20
- ਸ਼ੇਰਿ ਪੰਜਾਬ ਦਾ ਲਾਹੌਰ ਪਰ ਕਬਜ਼ਾ 21
- ਸ਼ਾਹ ਜ਼ਸਾਨ ਦੀ ਬਖਸ਼ਸ਼ ਪਰ ਵਿਚਾਰ 22
- ਭਸੀਨ ਦੀ ਲੜਾਈ 25
- ਰਣਜੀਤ ਸਿੰਘ ਦੀ ਜੰਮੂ ਪਰ ਚੜ੍ਹਾਈ 25
- ਸ਼ੇਰਿ ਪੰਜਾਬ ਨੂੰ ਮਹਾਰਾਜਗੀ ਮਿਲਣੀ 26
- ਗੁਜਰਾਤ ਤੇ ਚੜ੍ਹਾਈ 28
- ਸ਼ਾਹਜ਼ਾਦਾ ਖੜਗ ਸਿੰਘ ਦਾ ਜਨਮ ਤੇ ਇਲਾਕਾ ਡਸਕਾ ਆਦਿ ਨੂੰ ਫ਼ਤਹਿ ਕਰਨਾ 31
- ਇਲਾਕਾ ਮੁਲਤਾਨ ਪੁਰ ਪਹਿਲੀ ਚੜ੍ਹਾਈ 33
- ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਣਾ 35
- ਖ਼ਾਲਸਾ ਫ਼ੌਜ ਨੂੰ ਯੂਰਪ ਦੇ ਢੰਗ ਨਾਲ ਕਵੈਦ ਸਿਖਲਾਣੀ 36
- ਝੰਗ ਅਤੇ ਉਚ ਨੂੰ ਖ਼ਾਲਸਾ ਰਾਜ ਨਾਲ ਮਿਲਾਉਣਾ 37
- ਸ੍ਰੀ ਅੰਮ੍ਰਿਤਸਰ ਵਿਚ ਸ਼ਾਹੀ ਦਰਬਾਰ ਤੇ ਫ਼ੌਜੀ ਸਰਦਾਰਾਂ ਨੂੰ ਪਦ ਬਖਸ਼ਣੇ 39
- ਜਸਵੰਤ ਰਾਏ ਹੁਲਕਰ ਦਾ ਮਹਾਰਾਜੇ ਦੀ ਸ਼ਰਨ ਆਉਣਾ 40
- ਪਟਿਆਲੇ ਜਾਣਾ 42
- ਸ਼ੇਰਿ ਪੰਜਾਬ ਨੇ ਕਾਂਗੜਾ ਦੀ ਸਹਾਇਤਾ ਕਰਨੀ 44

- ਕਸੂਰ ਨੂੰ ਫ਼ਤਹਿ ਕਰਨਾ 45
- ਮਹਾਰਾਜ ਦਾ ਮੁਲਤਾਨ ਦਾ ਦੌਰਾ 46
- ਮਹਾਰਾਜੇ ਦਾ ਦੂਜੀ ਵਾਰ ਪਟਿਆਲੇ ਜਾਣਾ 47
- ਪਹਾੜੀ ਇਲਾਕੇ ਦੀ ਸੁਧਵਾਈ 50
- ਸਤਲੁਜ ਪਾਰ ਦੇ ਰਈਸਾਂ ਦਾ ਅੰਗਰੇਜ਼ਾਂ ਦੀ ਰੱਖਿਆ ਵਿਚ ਆਵਣਾ ਤੇ ਮਹਾਰਾਜ ਤੇ ਅੰਗਰੇਜ਼ਾਂ ਦਾ ਪਹਿਲਾ ਅਹਿਦਨਾਮਾ 51
- ਅਹਿਦਨਾਮੇ ਦਾ ਭਾਵ 57
- ਸਤਲੁਜ ਪਾਰ ਤੇ ਰਈਸਾਂ ਲਈ ਇਤਲਾਹਨਾਮਾ 58
- ਗੋਰਖਿਆਂ ਤੋਂ ਦੂਜੀ ਵਾਰ ਸੰਸਾਰ ਚੰਦ ਨੂੰ ਬਚਾਉਣਾ 60
- ਸ਼ਾਹਜਾਦਾ ਖੜਕ ਸਿੰਘ ਦਾ ਵਿਆਹ 62
- ਕੋਹਿਨੂਰ ਹੀਰੇ ਦਾ ਇਤਿਹਾਸ 63
- ਕੋਹਨੂਰ ਬਾਰੇ ਇਕ ਇਤਿਹਾਸਕ ਭੁਲੇਖਾ 65
- ਕੋਹਨੂਰ ਮਹਾਰਾਜਾ ਰਣਜੀਤ ਸਿੰਘ ਨੂੰ ਕਿਵੇਂ ਮਿਲਿਆ 65
- ਪਠਾਣਾਂ ਪਰ ਖ਼ਾਲਸੇ ਦੀ ਪਹਿਲੀ ਫ਼ਤਹਿ 70
- ਮੁਲਤਾਨ ਪਰ ਫ਼ਤਹਿ 72
- ਪਿਸ਼ਾਵਰ ਦੀ ਫ਼ਤਹਿ 76
- ਕਸ਼ਮੀਰ ਦੀ ਫ਼ਤਹਿ 78
- ਸਰਦਾਰ ਹਰੀ ਸਿੰਘ ਨਲੂਏ ਦਾ ਗਵਰਨਰ ਕਸ਼ਮੀਰ ਨੀਯਤ ਹੋਣਾ 81
- ਕੌਰ ਨੌਨਿਹਾਲ ਸਿੰਘ ਦਾ ਜਨਮ 82
- ਜਰਨੈਲ ਵਨਤੂਰਾ ਤੇ ਐਲਾਰਡ ਦਾ ਲਾਹੌਰ ਆਉਣਾ 83
- ਨੁਸ਼ਹਿਰੇ ਦੀ ਵੱਡੀ ਲੜਾਈ 85
- ਦੀਵਾਨ ਮੋਤੀ ਰਾਮ ਤੇ ਫ਼ਕੀਰ ਅਜ਼ੀਜ਼ੁਦੀਨ ਦਾ ਸ਼ਿਮਲੇ ਜਾਣਾ 92
- ਖ਼ਾਲਸਾ ਰਾਜ ਦੀ ਸ਼ਾਨ-ਸ਼ਹਿਨਸ਼ਾਹ ਅੰਗਰੇਜ਼ੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੁਗਾਤਾਂ ਭੇਜਣੀਆਂ 93
- ਸ਼ਹਿਨਸ਼ਾਹ ਅੰਗਰੇਜ਼ੀ ਨੇ ਮਹਾਰਾਜ ਸਾਹਿਬ ਨੂੰ ਸੁਗਾਤਾਂ ਭੇਟਾ ਕਰਨੀਆਂ 94
- ਲਾਰਡ ਬਿੰਟਿਕ ਤੇ ਮਹਾਰਾਜਾ ਦੀ ਮਿਲਣੀ 97
- ਕਸ਼ਮੀਰ ਦਾ ਦੁਰਭਿੱਖ 102
- ਪਿਸ਼ਾਵਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣਾ 103
- ਜਨਰਲ ਐਲਾਰਡ ਦਾ ਛੁੱਟੀ ਤੋਂ ਪਰਤਣਾ 106
- ਕੌਰ ਨੌਨਿਹਾਲ ਸਿੰਘ ਦਾ ਵਿਆਹ 107

- ਜਮਰੌਦ ਨੂੰ ਖ਼ਾਲਸਾ ਰਾਜ ਨਾਲ ਮਿਲਾਉਣਾ 111
- ਮਹਾਰਾਜਾ ਰਣਜੀਤ ਸਿੰਘ ਦਾ ਚਲਾਣਾ 112
- ਸ਼ੇਰਿ ਪੰਜਾਬ ਦਾ ਫ਼ੌਜੀ ਪ੍ਰਬੰਧ 115
- ਇਕ ਇਤਿਹਾਸਕ ਭੁੱਲ 116
- ਰਜਮੰਟ ਦੀ ਵੰਡ 119
- ਫ਼ੌਜ ਦੀ ਵਰਦੀ 120
- ਰਸਾਲੇ 122
- ਤੋਪਖ਼ਾਨਾ 123
- ਤੋਪਖ਼ਾਨਿਆਂ ਦਾ ਪ੍ਰਬੰਧ 125
- ਤੋਪਾਂ ਢਾਲਣ ਵਾਲੇ ਕਾਰੀਗਰਾਂ ਦੇ ਨਾਂ 127
- ਖ਼ਾਲਸਾ ਫ਼ੌਜ ਦੀ ਗਿਣਤੀ 127
- ਸ਼ੇਰਿ ਪੰਜਾਬ ਦਾ ਮੁਲਕੀ ਪ੍ਰਬੰਧ 128
- ਸ਼ੇਰਿ ਪੰਜਾਬ ਤੇ ਇਤਿਹਾਸਕ ਇਮਾਰਤਾਂ 134
- ਹਜ਼ੂਰੀ ਬਾਗ ਦੀ ਬਾਰਾਂਦਰੀ 134
- ਇਹ ਗੱਲ ਕਿੱਥੋਂ ਚੱਲੀ 137
- ਸ਼ੇਰਿ ਪੰਜਾਬ ਦੇ ਗੁਣਾਂ ਪਰ ਵਿਚਾਰ 139
- ਵਿਦਿਆ ਨਾਲ ਪਿਆਰ 144
- ਮਹਾਰਾਜਾ ਰਣਜੀਤ ਸਿੰਘ ਦਾ ਪਰਜਾ ਨਾਲ ਪਿਆਰ 149
- ਪਾਰਸ ਦੀ ਕਹਾਵਤ 150
- ਸ਼ੇਰਿ ਪੰਜਾਬ ਦੀ ਖੁਲ੍ਹਦਿਲੀ 152
- ਉਸ ਦਾ ਬਾਹੂਬਲ 153
- ਮਹਾਰਾਜੇ ਦੇ ਚਲਾਣੇ ਸਮੇਂ ਖਜ਼ਾਨੇ ਵਿਚ ਕਿੰਨਾ ਧਨ ਪਦਾਰਥ ਸੀ? 154
- ਕੀ ਮਹਾਰਾਜਾ ਕੌਮ ਘਾਤਕ ਸੀ? 156
- ਧਾਰਮਿਕ ਜੀਵਨ 160
- ਸ੍ਰੀ ਦਰਬਾਰ ਸਾਹਿਬ ਜੀ ਦਾ ਸ਼ਿਲਾਲੇਖ 162
- ਸ਼ਹੀਦੀ ਯਾਦਗਾਰਾਂ ਨਾਲ ਪਿਆਰ 165
- ਮਹਾਰਾਜੇ ਦੀ ਅਸਚਰਜ ਤਸਵੀਰ 167
- ਉਸ ਦੇ ਅਵਗੁਣ 168

੧ੴ ਸਤਿਗੁਰ ਪ੍ਰਸਾਦਿ ॥

# ਭੂਮਿਕਾ

ਇਤਿਹਾਸ ਲਿਖਣਾ ਸੰਸਾਰ ਦੇ ਕਠਨ ਕੰਮਾਂ ਵਿਚੋਂ ਇਕ ਮਹਾਨ ਕਠਨ ਕੰਮ ਹੈ, ਪਰ ਇਸ ਤੋਂ ਵੱਧ ਕਠਨਤਾ ਹੈ ਤਾਂ ਇਹ, ਕਿ ਇਤਿਹਾਸ ਤੋਂ ਬਿਨਾਂ ਕੋਈ ਕੌਮ ਜੀਊ ਹੀ ਨਹੀਂ ਸਕਦੀ, ਇਸ ਲਈ ਜੀਵਤ ਕੌਮਾਂ ਲਗਦੇ ਚਾਰੇ ਆਪਣੇ ਵੱਡਿਆਂ ਦੇ ਸਹੀ ਹਾਲਾਤ ਕਾਇਮ ਰੱਖਣ ਦਾ ਸਿਰਤੋੜ ਯਤਨ ਕਰਦੀਆਂ ਰਹੀਆਂ ਹਨ, ਉਸ ਪ੍ਰਕਾਰ ਦੇ ਯਤਨਾਂ ਵਿਚੋਂ ਇਹ ਨਿੱਕਾ ਜਿਹਾ ਯਤਨ ਭੀ ਆਪ ਦੇ ਪੇਸ਼ ਹੈ।

ਇਹ ਗੱਲ ਪ੍ਰਗਟ ਹੈ ਕਿ ਸਿੱਖ ਇਤਿਹਾਸ ਹਨੇਰੇ ਵਿਚ ਪਿਆ ਹੈ, ਸਾਡੇ ਪਾਸ ਉਸ ਤਰ੍ਹਾਂ ਦਾ ਇਤਿਹਾਸ-ਜਿਸ ਨੂੰ ਪੂਰਬੀ ਨੁਕਤੇ ਤੋਂ ਇਤਿਹਾਸ ਕਹਿੰਦੇ ਹਨ-ਹੈ, ਪਰ ਪੱਛਮੀ ਨੁਕਤੇ ਦੇ ਇਤਿਹਾਸ ਦੀ ਕਮੀ ਹੈ।

ਮੈਂ ਹੁਣ ਤਕ ਇਸ ਉਡੀਕ ਵਿਚ ਰਿਹਾ ਹਾਂ ਕਿ ਕਦੇ ਕੋਈ ਯੋਗ ਸੱਜਣ ਇਸ ਭਾਰੀ ਕਮੀ ਨੂੰ ਪੂਰਾ ਕਰੇ ਪਰ ਜਦ ਚਾਰੇ ਬੰਨੇ ਚੁਪ ਹੀ ਸਾਧੀ ਡਿੱਠੀ ਤਾਂ ਛੇਕੜ ਇਸ ਖ਼ਤਰੇ ਨੂੰ ਵਿਚਾਰਦਾ ਹੋਇਆ ਕਿ ਸਮਾਂ ਨੱਠਾ ਜਾ ਰਿਹਾ ਹੈ, ਕਾਲ ਦੀ ਚਾਦਰ ਵਲ੍ਹੇਟੀ ਜਾ ਰਿਹਾ ਹੈ, ਪੁਰਾਣੇ ਆਦਮੀ ਇਸ ਸੰਸਾਰ ਤੋਂ ਤੁਰੇ ਜਾ ਰਹੇ ਹਨ ਤੇ ਹਾਲਾਤ ਗੁੰਮ ਹੋ ਰਹੇ ਹਨ, ਜਦ ਕਦੇ ਖੋਜੀ ਤੇ ਫਾਜ਼ਲ ਸਿੱਖ ਇਸ ਪਾਸੇ ਲੱਗਣਗੇ ਤਦ ਤਕ ਸਮੇਂ ਦੀ ਚਾਦਰ ਅੱਖੀਂ ਡਿੱਠੇ ਹਾਲਾਤ ਦੱਸਣ ਵਾਲਿਆਂ ਜਾਂ ਕੰਨੀਂ ਸੁਣੇ ਹਾਲਾਤ ਸੁਨਾਣ ਵਾਲਿਆਂ ਨੂੰ ਲਪੇਟ ਚੁਕੀ ਹੋਵੇਗੀ, ਸੋ ਇਸ ਖ਼ਤਰੇ ਨੂੰ ਮੁਖ ਰਖ ਕੇ ਮੈਂ ਇਹ ਯਤਨ ਕੀਤਾ ਜੋ ਕੁਛ ਇਸ ਵੇਲੇ ਇਕੱਤਰ ਹੋ ਸਕਦਾ ਹੈ ਲਿਖ ਲਿਆ ਜਾਏ, ਤਾਂ ਜੋ ਜਦੋਂ ਸਿੱਖ ਪੰਥ ਇਤਿਹਾਸਕ ਖੋਜ ਦਾ ਕੰਮ ਅਰੰਭੇ, ਮੇਰਾ ਇਹ ਪ੍ਰੀਸ਼ਰਮ ਭੀ ਕੁਝ ਸਹਾਇਕ ਹੋ ਸਕੇ।

ਮੈਂ ਆਪਣੇ ਵਲੋਂ ਪੂਰਾ ਯਤਨ ਕੀਤਾ ਹੈ ਕਿ ਸੱਚੇ ਅਤੇ ਸਹੀ ਵਾਕਿਆਤ ਇਕੱਤਰ ਕਰਾਂ। ਮੈਨੂੰ ਉਨ੍ਹਾਂ ਆਦਮੀਆਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ ਜਿਨ੍ਹਾਂ ਨੇ ਕਿ ਉਸ ਸਮੇਂ ਵਿਚ ਆਪਣੀ ਅੱਖੀਂ ਇਹ ਹਾਲਾਤ ਵੇਖੇ ਹਨ ਅਤੇ ਉਨ੍ਹਾਂ ਪੁਰਖਾਂ ਨੂੰ ਮਿਲਣ ਦਾ ਭੀ ਸਮਾਂ ਲੱਝਾ ਹੈ ਜਿਨ੍ਹਾਂ ਨੇ ਉਨ੍ਹਾਂ ਮਨੁੱਖਾਂ ਤੋਂ ਆਪ ਹਾਲਤ ਸੁਣੇ ਹਨ ਜੋ ਖ਼ਾਲਸਾ ਰਾਜ ਦੇ ਸਮੇਂ ਹੋਏ ਹਨ, ਜਿਹਾ ਕਿ:- ਬਜ਼ੁਰਗ ਬਾਬਾ ਕਾਹਨ ਸਿੰਘ ਜੀ ਪੇਸ਼ਕਾਰ ਹਜ਼ੂਰੀ ਜਿਨ੍ਹਾਂ ਦਾ ਸੀਨਾ ਸ਼ੇਰਿ ਪੰਜਾਬ ਦੇ ਰਾਜ ਸਮੇਂ ਦੇ ਵਾਕਿਆਤ ਨਾਲ ਪੂਰਤ ਸੀ, ਅਤੇ ਦੂਜੇ ਬਾਬਾ ਹਿੰਮਤ ਸਿੰਘ ਜੀ, ਜਿਸ ਨੂੰ ਕੁਦਰਤ ਨੇ ਇਕ ਅਲੌਕਿਕ ਯਾਦਦਾਸ਼ਤ ਬਖਸ਼ੀ ਸੀ ਭਾਰੀ ਮਾਲੂਮਾਤ ਦੇ ਖ਼ਜ਼ਾਨੇ ਦੇ ਮਾਲਕ ਸਨ। ਇਕ ਹੋਰ ਬਿਰਧ ਪਠਾਨ ਗਜ਼ਨ ਖਾਨ ਬੁਨੇਰੀ-ਜੋ ਹਨੇਹ ਦਾ ਅਤਿ ਮਸ਼ਕਰਾ ਹੋਣ ਦੇ ਕਾਰਣ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਅਤਿ ਪਿਆਰਿਆ ਜਾਂਦਾ ਸੀ-ਮੈਨੂੰ ਮਿਲਿਆ, ਜਿਨ੍ਹਾਂ ਦੇ ਦੱਸੇ ਸਮਾਚਾਰ ਪਰਖਣ ਤੋਂ ਬਹੁਮੁੱਲੇ ਸਾਬਤ ਹੋਏ।